R-11/2110 10110/NK

ਗੁਰਮਤਿ ਕਾਵਿ (ਆਪਸ਼ਨ-1)

ਸਮੈਸਟਰ ਤੀਜਾ

ਸਮਾਂ 2 ਘੰਟੇ ਕੁੱਲ ਅੰਕ- 60

ਨੋਟ: ਭਾਗ ੳਅਤੇ ਅ ਵਿੱਚੋਂ ਕੋਈ 2 ਪ੍ਰਸ਼ਨ ਕਰਨੇ ਹਨ।ਭਾਗ ੲ(ਛੇਵੇਂ ਪ੍ਰਸ਼ਨ) ਦੇ ਛੇ ਛੋਟੇ ਪ੍ਰਸ਼ਨਾਂ (ਭਾਗਾਂ) ਦੇ ਸੰਖੇਪ ਉੱਤਰ ਦੇਣੇ ਹਨ।ਇਸ ਤਰ੍ਹਾਂ ਕੁੱਲ 3 ਪ੍ਰਸ਼ਨ ਕਰਨੇ ਹਨ। ਸਾਰੇ ਪ੍ਰਸ਼ਨ 20-20 ਅੰਕਾਂ ਦੇ ਹਨ।

ਭਾਗ- ੳ

ਪ੍ਰਸ਼ਨ 1. ਗੁਰਮਤਿ ਕਾਵਿ ਸਿਧਾਂਤ ਪੁਸਤਕ ਦੇ ਭਾਗ ਪਹਿਲਾ ਵਿਚਲੇ ਪੰਜ ਲੇਖਾਂ ਵਿਚ ਉਭਾਰੇ ਨੁਕਤਿਆਂ ਬਾਰੇ ਟਿੱਪਣੀਆਂ ਸਹਿਤ ਜਾਣਕਾਰੀ ਦਿਉ।

ਜਾਂ

ਡਾ. ਬਲਕਾਰ ਸਿੰਘ ਦੁਆਰਾ ਗੁਰਮਤਿ ਕਾਵਿ ਦੇ ਮੂਲ ਸੰਕਲਪਾਂ ਗਿਆਨ ਧਿਆਨ ਅਤੇ ਨਾਮ ਬਾਰੇ ਦਿੱਤੇ ਵਿਚਾਰਾਂ ਦੀ ਟਿੱਪਣੀਆਂ ਸਹਿਤ ਜਾਣਕਾਰੀ ਦਿਉ।

ਭਾਗ- ਅ

ਪ੍ਰਸ਼ਨ 2. ਜਪੁਜੀ ਦੇ ਪੰਜ ਖੰਡਾਂ ਦੀ ਵਿਆਖਿਆ ਕਰੋ।

ਜਾਂ

ਜਪੁਜੀ ਦੀਆਂ ਕਲਾਤਮਕ ਵਿਸ਼ੇਸ਼ਤਾਵਾਂ ਦੱਸੋ।

ਪ੍ਰਸ਼ਨ 3. ਸੁਖਮਨੀ ਬਾਣੀ ਵਿਚਲੇ ਦਾਰਸ਼ਨਿਕ ਵਿਚਾਰਾਂ ਬਾਰੇ ਵਿਚਾਰ ਕਰੋ।

ਜਾਂ

ਸੁਖਮਨੀ ਦੀਆਂ ਭਾਸ਼ਾਈ ਅਤੇ ਸ਼ੈਲੀਗਤ ਵਿਸ਼ੇਸ਼ਤਾਵਾਂ ਦੱਸੋ।

ਪ੍ਰਸ਼ਨ 4. ਗਉੜੀ ਕੀ ਵਾਰ ਮ: ੪ ਵਿਚ ਨਾਇਕ ਅਤੇ ਪ੍ਰਤਿਨਾਇਕ ਦੀ ਸਥਿਤੀ ਬਾਰੇ ਵਿਚਾਰ ਕਰੋ।

ਜਾਂ

ਗਉੜੀ ਕੀ ਵਾਰ ਮ: ੪ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਦੱਸੋ।

ਪ੍ਰਸ਼ਨ 5.ਗੁਰੂ ਤੇਗ ਬਹਾਦਰ ਦੀ ਬਾਣੀ ਦੇ ਦਾਰਸ਼ਨਿਕ ਸਰੋਕਾਰਾਂ ਬਾਰੇ ਵਿਚਾਰ ਕਰੋ।

ਜਾਂ

ਗੁਰੂ ਤੇਗ ਬਹਾਦਰ ਦੀ ਬਾਣੀ ਦੀਆਂ ਕਲਾਤਮਕ ਵਿਸ਼ੇਸ਼ਤਾਵਾਂ ਦੱਸੋ।

ਭਾਗ- ੲ

ਪ੍ਰਸ਼ਨ 6. ਹੇਠ ਲਿਖਿਆਂ ਵਿਚੋਂ ਕਈ ਛੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ।

(ੳ) ਗੁਰਬਾਣੀ ਅਧਿਐਨ ਦੇ ਦੋ ਮਹੱਤਵਪੂਰਨ ਪੱਖ ਦੱਸੋ।

(ਅ) ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਕੋਈ ਪੰਜ ਕਾਵਿ ਰੂਪਾਂ ਦੇ ਨਾਮ ਲਿਖੋ।

(ੲ) ਡਾਂ ਵਜ਼ੀਰ ਸਿੰਘ ਨੇ ਕਿਹੜੀਆਂ ਸਿੱਖ ਕੀਮਤਾਂ ਦਾ ਜਿਕਰ ਕੀਤਾ ਹੈ?

(ਸ) ਗੁਰੂ ਗ੍ਰੰਥ ਸਾਹਿਬ ਵਿਚ ਕੁੱਲ ਕਿੰਨੇ ਬਾਣੀਕਾਰਾਂ ਦੀ ਬਾਣੀ ਦਰਜ ਹੈ? ਵੇਰਵਾ ਦਿਉ।

(ਹ) ਜਪੁਜੀ ਵਿਚ ਸਰਿਸ਼ਟੀ ਦੀ ਰਚਨਾ ਦੇ ਸਮੇਂ ਬਾਰੇ ਕੀ ਕਿਹਾ ਗਿਆ ਹੈ ?

(ਕ) 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ' ਤੁਕ ਦੀ ਵਿਆਖਿਆ ਕਰੋ।

(ਖ) ਸੁਖਮਨੀ ਵਿਚ ਪੰਡਿਤ ਦੇ ਕੀ ਲੱਛਣ ਦੱਸੇ ਗਏ ਹਨ ?

(ਗ) 'ਕਹਾ ਬੁਝਾਰਤ ਬੂਝੈ ਡੋਰਾ ਨਿਸ ਕਹੀਐ ਤਉ ਸਮਝੈ ਭੋਰਾ' ਤੁਕ ਦੀ ਵਿਆਖਿਆ ਕਰੋ।

(ਘ) ਗਉੜੀ ਕੀ ਵਾਰ ਮਹਲਾ ੪ ਵਿਚ 'ਪੰਚ' ਦੇ ਕੀ ਅਰਥ ਹਨ।ਹਵਾਲਾ ਦੇ ਕੇ ਦੱਸੋ।

(ਙ) ਗਉੜੀ ਕੀ ਵਾਰ ਮਹਲਾ ੪ ਵਿਚ ਆਏ ਸ਼ਲੋਕਾਂ ਤੇ ਪਉੜੀਆਂ ਦਾ ਵੇਰਵਾ ਦਿਉ।

(ਚ) ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਆਤਮਿਕ ਬਲ ਸਬੰਧੀ ਆਏ ਦੋਹਿਰੇ (ਦੋਵੇਂ) ਲਿਖੋ।

(ਛ) ਗੁਰੂ ਤੇਗ ਬਹਾਦਰ ਦੀ ਬਾਣੀ ਦਾ ਮੁਖ ਸੁਰ ਕੀ ਹੈ ?